# ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਡਿਪੂ

**SHORT TENDER NOTICE**
**(Press Note)**

ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਅਧਿਕਾਰਤ ਖ਼ੇਤਰ ਅਧੀਨ ਆਉਂਦੇ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਸਥਿਤ ਦੁਕਾਨਾਂ ਨੂੰ 11 ਮਹੀਨਿਆਂ ਲਈ ਲਾਇਸੰਸੀ ਅਧਾਰ ਤੇ ਦੇਣ ਲਈ ਮਿਤੀ 28.11.2025 ਨੂੰ ਮੋਹਰ ਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਸੀਲ ਬੰਦ ਟੈਂਡਰ ਮਿਤੀ 08.12.2025 ਨੂੰ ਦੁਪਹਿਰ 12:00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਉਸੇ ਦਿਨ ਦੁਪਹਿਰ 3:00 ਵਜੇ ਟੈਂਡਰਕਰਤਾ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਖੋਲ੍ਹੇ ਜਾਣਗੇ। ਟੈਂਡਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਕਲੱਸਟਰ ਨੰ. | ਨਵੇਂ ਬੱਸ ਸਟੈਂਡ ਪਟਿਆਲਾ ਸਥਿਤ ਦੁਕਾਨਾਂ ਦਾ ਵੇਰਵਾ | ਦੁਕਾਨਾਂ ਲਈ ਰਿਜ਼ਰਵ ਕੀਮਤ (ਬਿਨਾਂ ਖ਼ਰਚੇ) | ਅਰਨਸਟ ਮਨੀ (ਰੁਪਏ ਵਿੱਚ) | ਪ੍ਰਤੀ ਟੈਂਡਰ ਫੀਸ (ਨਾ-ਮੋੜਨਯੋਗ) |
|---|---|---|---|---|
| 1 | ਦੁਕਾਨ ਨੰ. 1,5,6,7 ਅਤੇ 8 | ₹ 5,59,710/- | ₹ 12,000/- | ₹ 1500/- |
| 2 | ਦੁਕਾਨ ਨੰ. 2,9,10,11,12,14,15 ਅਤੇ 16 | ₹ 12,24,960/- | ₹25,000/- | ₹ 1500/- |

ਸੀਲ ਬੰਦ ਟੈਂਡਰ ਨਾਲ ਜਮ੍ਹਾਂ ਕਰਵਾਈ ਜਾਣ ਵਾਲੀ ਅਰਨਸਟ ਮਨੀ ਦਾ ਡਿਮਾਂਡ ਡਰਾਫਟ ਐਮ.ਡੀ, ਪੀ.ਆਰ.ਟੀ.ਸੀ ਪਟਿਆਲਾ ਦੇ ਨਾਮ ਤੇ ਭੁਗਤਾਨਯੋਗ ਹੋਵੇਗਾ। ਅਸਫਲ ਟੈਂਡਰਕਾਰਾਂ ਵੱਲੋਂ ਜਮ੍ਹਾਂ ਕਰਵਾਈ ਗਈ ਅਰਨਸਟ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਜਿਹੜੇ ਸੀਲ ਬੰਦ ਟੈਂਡਰ ਬਿਨ੍ਹਾ ਅਰਨਸਟ ਮਨੀ/ਟੈਂਡਰ ਫੀਸ ਤੋਂ ਬਿਨ੍ਹਾ ਜਮ੍ਹਾਂ ਕਰਵਾਏ ਜਾਣਗੇ, ਉਹ ਵਿਚਾਰੇ ਨਹੀਂ ਜਾਣਗੇ।

ਇਸ ਟੈਂਡਰ ਸਬੰਧੀ ਟੈਂਡਰ ਫਾਰਮ ਪ੍ਰਾਪਤ ਕਰਨ ਲਈ ਅਤੇ ਹੋਰ ਜਾਣਕਾਰੀ/ਸ਼ਰਤਾਂ ਸਬੰਧੀ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਵਿੱਚੋਂ ਜਾਂ Email ID prtc.pat@gmail.com/ ਵੈਬਸਾਈਟ www.pepsurtc.com ਪ੍ਰਾਪਤ/ ਦੇਖਿਆ ਜਾ ਸਕਦਾ ਹੈ। ਜੇਕਰ ਕੋਰੀਜੰਡਮ ਜਾਰੀ ਕੀਤਾ ਜਾਂਦਾ ਹੈ ਤਾਂ ਉਹ ਪੀ.ਆਰ.ਟੀ.ਸੀ. ਦੀ ਵੈਬਸਾਈਟ ਤੇ ਜਾਰੀ ਕੀਤਾ ਜਾਵੇਗਾ। ਨਿਮਨਹਸਤਾਖਰ ਕੋਲ ਇਹ ਹੱਕ ਰਾਖਵਾਂ ਹੋਵੇਗਾ ਕਿ ਉਹ ਬਿਨ੍ਹਾ ਕੋਈ ਕਾਰਣ ਦੱਸੇ ਕਿਸੇ ਵੀ ਜਾਂ ਸਾਰੇ ਸੀਲਬੰਦ ਟੈਂਡਰਾਂ ਨੂੰ ਰੱਦ ਕਰ ਸਕਦੇ ਹਨ।

ਜਨਰਲ ਮੈਨੇਜਰ
ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,
ਪਟਿਆਲਾ ਡਿਪੂ

26/11/2025

# ਸ਼ਰਤਾਂ

1. ਟੈਂਡਰ ਵਿੱਚ ਦੋਨਾਂ ਕਲੱਸਟਰਾਂ ਵਿੱਚ ਦਰਸਾਈਆਂ ਦੁਕਾਨਾਂ ਦੇ ਲਾਇਸੰਸ ਦੀ ਮਿਆਦ ਪਹਿਲਾਂ 11 ਮਹੀਨਿਆਂ ਦੀ ਹੋਵੇਗੀ ਅਤੇ ਉਸ ਮਿਆਦ ਵਿੱਚ 11 ਮਹੀਨੇ ਦਾ ਹੋਰ ਵਾਧਾ ਲਾਇਸੰਸੀ ਦੀ ਕਾਰੁਜਗਾਰੀ ਵੇਖਦੇ ਹੋਏ 10 ਪ੍ਰਤੀਸ਼ਤ ਦੀ ਦਰ ਨਾਲ ਵੱਧਾ ਕੇ ਹੋਵੇਗਾ। ਉਸ ਉਪਰੰਤ ਮਿਆਦ ਵਿੱਚ ਹੋਰ 11 ਮਹੀਨੇ ਦਾ ਵਾਧਾ ਪਿਛਲੀ ਲਾਇਸੰਸੀ ਫੀਸ 15 ਪ੍ਰਤੀਸ਼ਤ ਦੀ ਦਰ ਨਾਲ ਵਧਾ ਕੇ ਹੋਵੇਗਾ ।

2. ਜੋ ਲਾਇਸੰਸੀ ਹਰ ਮਹੀਨੇ ਦੀ ਲਾਇਸ਼ੰਸ ਫੀਸ ਉਸ ਮਹੀਨੇ ਦੀ 5 ਤਾਰੀਖ ਤੱਕ ਅਗੇਤੀ ਜਮਾਂ ਨਹੀਂ ਕਰਵਾਏਗਾ ਤਾਂ ਉਸ ਨੂੰ ਲਾਇਸੰਸੀ ਫੀਸ ਤੋ ਇਲਾਵਾ ਲਾਇਸੰਸੀ ਫੀਸ ਦਾ ਇੱਕ ਪ੍ਰਤੀਸ਼ਤ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣਾ ਪਵੇਗਾ ਅਤੇ ਜੁਰਮਾਨਾ ਮਹੀਨੇ ਦੀ 1 ਤਾਰੀਖ ਤੋ ਲਿਆ ਜਾਵੇਗਾ।ਜੇ ਲਾਇਸੰਸੀ ਫਿਰ ਵੀ 2 ਮਹੀਨੇ ਤੱਕ ਲਾਇਸੰਸ ਫੀਸ ਨਹੀ ਭਰਦਾ ਤਾ ਉਸ ਜਨਰਲ ਮੈਨੇਜਰ ਵੱਲੋ 7 ਦਿਨਾ ਦਾ ਨੋਟਿਸ ਦਾ ਨੋਟਿਸ ਭੇਜਣਗੇ। ਜੇਕਰ ਲਾਇਸੰਸੀ ਵੱਲੋ ਨੋਟਿਸ ਦਾ ਜਵਾਬ ਨਹੀ ਦਿੱਤਾ ਜਾਂਦਾ ਜਾਂ ਭੇਜਿਆ ਗਿਆ ਜਵਾਬ ਤਸਲੀਬਖਸ਼ ਨਹੀ ਪਾਇਆ ਜਾਂਦਾ ਤਾ ਜਨਰਲ ਮੈਨੇਜਰ ਪੀ.ਆਰ.ਟੀ.ਸੀ. ਪਾਸ ਦੁਕਾਨ ਨੂੰ ਖਾਲੀ ਕਰਵਾਉਣ ਦੇ ਪੂਰਨ ਅਧਿਕਾਰ ਹੋਣਗੇ ਅਤੇ ਉਸ ਵੱਲੋ ਜਮਾਂ ਕਰਵਾਈ ਗਈ ਸਿਕਿਉਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ ਅਤੇ ਉਸ਼ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ। ਅਤੇ ਇਸ ਤਰਾਂ ਨਾਲ ਲਾਇਸੰਸੀ ਪਾਸ ਕੋਈ ਕਾਨੂੰਨੀ ਕਾਰਵਾਈ ਨਾ ਕਰਨ ਸਬੰਧੀ ਅੰਡਰਟੇਕਿਗ ਵੀ ਦੇਵੇਗਾ।

3. ਸਫਲ ਟੈਡਰ ਕਰਤਾ ਵੱਲੋ ਮੌਕੇ ਤੇ ਹੀ ਤਿੰਨ ਮਹੀਨੇ ਦੀ ਲਾਇਸ਼ੰਸ ਫੀਸ ਬਤੌਰ ਸਿਕਿਉਰਟੀ ਸਾਰੇ ਖਰਚਿਆਂ ਸਮੇਤ (ਖਰਚਿਆਂ ਵਿੱਚ ਬਿਜਲੀ, ਪਾਣੀ, ਹਾਊਸ ਟੈਕਸ ਆਦਿ ਸ਼ਾਮਲ ਹੋਣਗੇ) .......................................... ਰੁਪਏ ਜਮਾਂ ਕਰਵਾਏਗਾ।ਟੈਡਰ ਦੀ ਮਿਆਦ ਖਤਮ ਹੋਣ ਉਪਰੰਤ ਸਫਲ ਟੈਡਰ ਕਰਤਾ ਦਫਤਰ ਪਾਸੋ ਨੋ ਡਿਉਜ ਲੈਣ ਉਪਰੰਤ ਹੀ ਇਹ ਰਕਮ ਜਨਰਲ ਮੈਨੇਜਰ ਵੱਲੋ ਉਸਨੂੰ ਵਾਪਿਸ ਕੀਤੀ ਜਾਵੇਗੀ।

4. ਦੁਕਾਨ ਦਾ ਕਬਜਾ ਲੈਣ ਤੋਂ ਪਹਿਲਾ ਦੋਨੋ ਧਿਰਾਂ ਇਕਰਾਰਨਾਮਾ (ਨਿਰਧਾਰਤ ਫਾਰਮ ਵਿੱਚ) ਕਰਨਗੇ। ਅਤੇ ਇਰਰਾਨਾਮਾਂ ਦਸਤਖਤ ਹੋਣ ਉਪਰੰਤ ਲਾਇਸ਼ੰਸੀ ਇੱਕ ਮਹੀਨੇ ਦੀ ਲਾਇਸੰਸ ਫੀਸ ਸਮੇਤ ਖਰਚਿਆਂ ਅਗੇਤੀ ਜਮ੍ਹਾਂ ਕਰਵਾਏਗਾ। ਅਤੇ ਇਰਾਰਾਨਾਮੇ ਤੇ ਲਾਇਸੰਸੀ ਦੋ ਜਮਾਨਤੀ ਦੇਵੇਗਾ ਜੋ ਜੇਕਰ ਲਾਇਸੰਸੀ ਇਕਰਾਰਨਾਮੇ ਦੀਆਂ ਸ਼ਰਤਾ ਪੂਰੀਆ ਨਾ ਕਰੇਗਾ ਤਾ ਉਹ ਜਿੰਮੇਵਾਰ ਹੋਣਗੇ। ਲਾਇਸੰਸੀ ਅਤੇ ਜਮਾਨਤੀ ਆਪਣਾ ਡਾਕ ਦਾ ਪਤਾ ਅਤੇ ਆਪਣੀ ਜਾਇਦਾਦ ਦਾ ਪੱਕਾ ਵੇਰਵਾ ਦੇਵੇਗਾ।

5. ਲਾਇਸੰਸੀ ਦੁਕਾਨ/ਸ਼ਟਾਲ ਚੰਗੀ ਹਾਲਤ ਵਿੱਚ ਰੱਖੇਗਾ ਅਤੇ ਉਸਦੀ ਮੁਰਮੰਤ ਉਹ ਆਪਣੇ ਖਰਚੇ ਤੇ ਕਰਵਾਏਗਾ ਅਤੇ ਲਾਇਸ਼ੰਸ ਦੀ ਮਿਆਦ ਖਤਮ ਹੋਣ ਉਪਰੰਤ ਬਿਲਡਿੰਗ/ਦੁਕਾਨ ਆਦਿ ਉਸੇ ਹਾਲਤ ਵਿੱਚ ਹੀ ਦਫਤਰ ਪਾਸ ਸੁਪਰਦ ਕਰਨਗੇ। ਜੇਕਰ ਬਿਲਡਿੰਗ/ਦੁਕਾਨ ਵਿੱਚ ਕੋਈ ਨੁਕਸਾਨ/ਤਬਦੀਲੀ ਪਾਈ ਜਾਂਦੀ ਹੈ ਤਾ ਉਸ ਹੋਏ ਨੁਕਸਾਨ ਦੇ ਬਦਲੇ ਦੀ ਰਕਮ ਲਾਇਸੰਸੀ ਦੀ ਸਿਕਿਉਰਟੀ ਦੀ ਰਕਮ ਵਿੱਚੋ ਕੱਟ ਲਈ ਜਾਵੇਗੀ।

6. ਲਾਇਸ਼ੰਸੀ ਜਿਸ ਮੰਤਵ ਲਈ ਦੁਕਾਨ/ਸਟਾਲ ਜਾਂ ਖਾਲੀ ਥਾਂ ਲਵੇਗਾ ਉਹ ਕੇਵਲ ਉਸ ਮੰਤਵ ਲਈ ਹੀ ਉਸਨੂੰ ਇਸਤੇਮਾਲ ਕਰੇਗਾ ।ਜੇਕਰ ਲਾਇਸ਼ੰਸੀ ਇਕਰਾਰਨਾਮੇ ਵਿੱਚ ਲਿਖੀ ਹੋਈ ਦੁਕਾਨ/ਸਟਾਲ ਤੋਂ ਇਲਾਵਾ ਕਿਸੇ ਪਲੇਟਫਾਰਮ/ਜਗਾ ਦਾ ਇਸਤੇਮਾਲ ਕਰਦਾ ਹੈ ਤਾ ਉਸਨੂੰ ਪਹਿਲੀ ਵਾਰ ਉਲੰਘਣਾ ਕਰਨ ਤੇ 5000/-ਰੁਪਏ, ਦੂਜੀ ਵਾਰ 10,000/- ਰੁਪਏ ਅਤੇ ਤੀਜੀ ਵਾਰ 15,000/-ਰੁਪਏ ਦਾ ਜੁਰਮਾਨਾ ਵਸੂਲ ਕੀਤਾ ਜਾਵੇਗਾ। ਅਤੇ ਉਸ ਉਪਰੰਤ ਵੀ ਉਹ

ਫੇਰ ਇਸ ਦੀ ਉਲਘੰਣਾ ਕਰਦਾ ਹੈ ਤਾ 15 ਦਿਨਾਂ ਦਾ ਨੋਟਿਸ ਦੇਣ ਉਪਰੰਤ ਇਰਕਾਰਨਾਮਾਂ ਰੱਦ ਕਰਨ ਅਤੇ ਸਿਕਿਉਰਟੀ ਜਬਤ ਕਰਨ ਦਾ ਅਧਿਕਾਰ ਜਨਰਲ ਮੈਨੇਜਰ ਪਾਸ ਹੋਵੇਗਾ।

7. ਲਾਇਸ਼ੰਸੀ ਦੁਕਾਨ/ਸਟਾਲ ਜਾਂ ਇਸ ਦੇ ਕਿਸੇ ਹਿਸੇ ਨੂੰ ਅਗਾਹ ਕਿਰਾਏ/ ਸਬਲੈਟ ਨਹੀ ਕਰੇਗਾ ਅਤੇ ਨਾ ਹੀ ਕਿਸੇ ਹੋਰ ਪਾਰਟੀ ਨੂੰ ਆਪਣਾ ਹਿਸੇਦਾਰ ਬਣਾਏਗਾ। ਲਾਇਸ਼ੰਸੀ ਨੂੰ ਦੁਕਾਨ/ਸਟਾਲ ਤੇ ਸਫਾਈ ਦਾ ਖਾਸ ਧਿਆਨ ਰੱਖਣਾ ਹੋਵੇਗਾ। ਲਾਇਸੰਸੀ ਦੁਕਾਨੇਸਟਾਲ ਉਪਰ ਕੋਈ ਅਜਿਹਾ ਸਮਾਨ ਨਹੀ ਰੱਖੇਗਾ ਜਿਸ ਦੀ ਮਿਆਦ ਖਤਮ ਹੋ ਚੁੱਕੀ ਹੋਵੇ।

8. ਲਾਇਸ਼ੰਸੀ ਨਸ਼ੇ ਦੀਆਂ ਚੀਜਾਂ ਜਾਂ ਕਿਸੇ ਵੀ ਤਰਾਂ ਦਾ ਇਤਰਾਜ ਯੋਗ ਸਾਹਿਤ/ਲਿਟਰੇਚਰ ਨਾ ਤਾਂ ਆਪ ਵੇਚੇਗਾ ਅਤੇ ਨਾ ਹੀ ਕਿਸੇ ਨੂੰ ਵੇਚਣ ਦੀ ਇਜਾਜਤ ਦੇਵੇਗਾ ਜੇਕਰ ਇੰਨਾ ਦੀ ਉਲਘੰਣਾ ਕਰੇਗਾ ਤਾਂ ਇਰਕਾਰਨਾਮਾਂ ਕੈਂਸਲ ਕਰ ਦਿੱਤਾ ਜਾਵੇਗਾ।

9. ਲਾਇਸ਼ੰਸ ਤੇ ਦਿੱਤੀ ਦੁਕਾਨ/ਸਟਾਲ/ਜਗਾਂਹ ਤੇ ਸਰਕਾਰ/ਮਿਊਨਸੀਪਲ ਕਮੇਟੀ ਵੱਲੋ ਲਗਾਏ ਗਏ ਸਾਰੇ ਟੈਕਸ ਲਾਇਸ਼ੰਸੀ ਨੂੰ ਲਾਇਸ਼ੰਸ ਫੀਸ ਦੇ ਨਾਲ ਜਮ੍ਹਾਂ ਕਰਵਾਂਉਣੇ ਪੈਣਗੇ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇਕਰਾਰਨਾਮਾਂ ਰੱਦ ਕਰ ਦਿੱਤਾ ਜਾਵੇਗਾ।

10. ਲਾਇਸ਼ੰਸੀ ਕਿਸੇ ਵੀ ਹਾਲਤ ਵਿੱਚ ਲਾਇਸ਼ੰਸ ਤੇ ਲਈ ਜਗਾਹ ਨੂੰ ਇਸਤਿਹਾਰ ਆਦਿ ਦੇ ਮਤੰਵ ਲਈ ਨਹੀਂ ਵਰਤੇਗਾ ਅਤੇ ਨਾ ਹੀ ਕਿਸੇ ਹੋਰ ਨੂੰ ਵਰਤਣ ਦੀ ਆਗਿਆ ਦੇਵੇਗਾ .

11. ਦੁਕਾਨ/ਸਟਾਲ ਤੇ ਖਾਣ ਪੀਣ ਦੀਆਂ ਚੀਜਾਂ ਦੇ ਰੇਟ ਜਿਲ੍ਹਾਂ ਮੈਜਿਸਟਰੇਟ / ਸਬ-ਡਵੀਜਨਲ ਮੈਜਿਸਟਰੇਟ ਜਾਂ ਜਨਰਲ ਮੈਨੇਜਰ ਪੀ.ਆਰ.ਟੀ.ਸੀ ਹੀ ਪ੍ਰਵਾਨ ਕਰਨਗੇ ਅਤੇ ਜਦੋਂ ਵੀ ਰੇਟ ਬਦਲਣਗੇ ਤਾਂ ਇਹਨਾਂ ਦੀ ਇੱਕ ਸੂਚੀ ਜਨਰਲ ਮੈਨੇਜਰ ਪਾਸੋ ਪ੍ਰਵਾਨ ਕਰਵਾਉਣ ਉਪਰੰਤ ਹੀ ਵੱਧਾਏ ਗਈ ਰੇਟਾ ਤੇ ਸਮਾਨ ਵੇਚ ਸਕਣਗੇ। ਸਮਾਨ ਦਾ ਮੁੱਲ ਬਾਜਾਰ ਨਾਲੋਂ ਵੱਧ ਨਹੀਂ ਹੋਵੇਗਾ। ਇਹਨਾਂ ਦੀ ਇੱਕ ਸੂਚੀ ਦੁਕਾਨ ਦੀ ਸਾਹਮਣੇ ਲਗਾਉਣੀ ਜਰੂਰੀ ਹੋਵੇਗੀ। ਜਿਸ ਵਿੱਚ ਵੇਚਣ ਵਾਲੇ ਸਮਾਨ ਆਦਿ ਦੇ ਰੇਟਾਂ ਦਾ ਪੂਰਾ ਵੇਰਵਾ ਦਰਜ ਹੋਵੇਗਾ। ਇਸ ਤੋ ਇਲਾਵਾ ਲਾਇਸੰਸੀ ਬੱਸ ਸਟੈਡ ਤੇ ਆਮ ਪਬਲਿਕ ਨਾਲ ਆਪਣਾ ਵਤੀਰਾ ਸਹੀ ਰੱਖੇਗਾ। ਜੇਕਰ ਲਾਇਸ਼ੰਸੀ ਇਹਨਾ ਸ਼ਰਤਾ ਦੀ ਉਲਘੰਣਾ ਕਰੇਗਾ ਤਾਂ ਉਸ ਦਾ ਇਰਰਾਰਨਾਮਾਂ 7 ਦਿਨਾਂ ਦਾ ਨੋਟਿਸ ਦੇ ਕੇ ਇਕਰਾਰਨਾਮਾ ਰੱਦ ਕਰ ਦਿੱਤਾ ਜਾਵੇਗਾ।

12. ਜੇਕਰ ਲਾਇਸੰਸ਼ੀ ਇਕਰਾਰਨਾਮੇ ਅਨੁਸਾਰ ਮੰਤਵ ਤੋਂ ਇਲਾਵਾ ਸਮਾਨ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਸਮਾਨ ਜਬਤ ਕਰਨ ਦਾ ਹੱਕ ਜਨਰਲ ਮੈਨੇਜਰ. ਪਾਸ ਹੋਵੇਗਾ ਅਤੇ ਉਸ ਨੂੰ ਰਲੀਜ ਕਰਨ ਸਮੇਂ ਲਾਇਸੰਸੀ ਪਾਸ਼ੋ ਸ਼ਰਤ ਨੰਬਰ 7 ਅਨੁਸਾਰ ਜੁਰਮਾਨਾ ਵਸੂਲ ਕੀਤਾ ਜਾਵੇਗਾ।

13. ਲਾਇਸੰਸੀ ਪਾਸ ਟੈਡਰ ਭਰਨ ਸਮੇਂ ਘੱਟੋ ਘੱਟ ਤਿੰਨ ਸਾਲ ਅਲਾਟ ਕੀਤੇ ਕੰਮ ਦਾ ਤਜਰਬਾ ਹੋਣਾ ਲਾਜਮੀ ਹੋਵੇਗਾ ਅਤੇ ਉਹ ਆਪਣਾ ਤਜਰਬਾ ਸਰਟੀਫਿਕੇਟ ਟੈਡਰ ਨਾਲ ਨੱਥੀ ਕਰੇਗਾ ਅਤੇ ਤਜਰਬਾ ਸਰਟੀਫਿਕੇਟ ਸਬੰਧਤ ਸੰਸਥਾ ਤੋਂ ਤਸਦੀਕ ਹੋਣਾ ਚਾਹੀਦਾ ਹੈ।

**14.** ਪੀ.ਆਰ.ਟੀ.ਸੀ ਵੱਲੋਂ ਨਵੇਂ ਬੱਸ ਸਟੈਂਡ ਪਟਿਆਲਾ ਨੂੰ O&M ਦੇ ਆਧਾਰ ਤੇ ਦੇਣ ਲਈ ਟੈਂਡਰ ਪ੍ਰਕਿਰਿਆ ਕਾਰਵਾਈ ਅਧੀਨ ਹੈ। ਇਸ ਲਈ ਜੇਕਰ 11 ਮਹੀਨੇ ਤੋਂ ਪਹਿਲਾ O & M ਦੀ ਪ੍ਰਕਿਰਿਆਂ ਮੁਕਮੰਲ ਹੋ ਜਾਂਦੀ ਹੈ ਤਾਂ ਪੀ.ਆਰ.ਟੀ.ਸੀ ਨੂੰ ਇਹ ਹੱਕ ਹੋਵੇਗਾ ਕਿ ਉਹ ਇੱਕ ਮਹੀਨੇ ਦਾ ਨੋਟਿਸ ਦਿੰਦੇ ਹੋਏ ਦੁਕਾਨ ਨੂੰ ਇਕਰਾਰਨਾਮੇ ਦੇ ਸਮੇਂ ਤੋਂ ਪਹਿਲਾ ਖਾਲੀ ਕਰਵਾਇਆ ਜਾ ਸਕਦਾ ਹੈ।